# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਵੱਲ,

ਪ੍ਰਿੰਸੀਪਲ / ਮੁੱਖ ਅਧਿਆਪਕ /ਡੀ.ਡੀ.ਓ

ਸਸਸਸ / ਸਹਸ , ਜਿਲ੍ਹਾ ਬਠਿੰਡਾ।

ਪੱਤਰ ਨੰ: ਅ-5/1( )2025/ 2428

ਮਿਤੀ ਬਠਿੰਡਾ- 23.09.2025

ਵਿਸ਼ਾ:- ਮਿਤੀ 01.01.2016 ਤੋ 30.06.2021 ਦੇ ਵਿੱਚ ਸੇਵਾ ਮੁਕਤ ਹੋਏ ਪ੍ਰਿੰਸੀਪਲ / ਮੁੱਖ ਅਧਿਆਪਕ ਦੀ ਲੀਵ ਇਨਕੈਸ਼ਮੈਂਟ ਸੋਧੇ ਤਨਖਾਹ ਸਕੇਲਾਂ ਅਨੁਸਾਰ ਰਿਵਾਇਜਡ ਕਰਨ ਸਬੰਧੀ।

ਹਵਾਲਾ:- ਪੰਜਾਬ ਸਰਕਾਰ, ਵਿੱਤ ਵਿਭਾਗ, (ਵਿੱਤ ਪ੍ਰਸੋਨਲ-1 ਬਰਾਂਚ) ਪੱਤਰ ਨੰ 03/01/2021-FP1/12 Dated, Chandigarh 18.02.2025 ਅਤੇ ਪੰਜਾਬ ਸਰਕਾਰ, ਵਿੱਤ ਵਿਭਾਗ, (ਖਜਾਨਾ ਤੇ ਲੇਖਾ ਸ਼ਾਖਾ), ਵਿੱਤ ਤੇ ਯੋਜਨਾ ਭਵਨ, ਪਲਾਟ ਨੰ:2-ਬੀ, ਸੈਕਟਰ 33-ਏ, ਚੰਡੀਗੜ੍ਹ ਦੇ ਪੱਤਰ ਨੰ :ਈ.ਏ.(ਈ-1-ਬੀ.800785)/2025/1104204 ਮਿਤੀ ਚੰਡੀਗੜ੍ਹ 19.05.2025 ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਦੀ ਪਾਲਣਾ ਹਿੱਤ ਮਿਤੀ 01.01.2016 ਤੋ 30.06.2021 ਦੇ ਵਿੱਚ ਰਿਟਾਇਰਡ ਹੋਏ ਪ੍ਰਿੰਸੀਪਲ / ਮੁੱਖ ਅਧਿਆਪਕ ਦੀ ਰਿਵਾਇਜਡ ਲੀਵ ਇੰਨਕੈਸਮੈਂਟ ਸਰਕਾਰ ਦੀਆਂ ਹਦਾਇਤਾਂ ਮਿਤੀ 18.02.2025 ਅਨੁਸਾਰ ਇਸ ਦਫਤਰ ਵੱਲੋਂ ਪਹਿਲੀ ਕਿਸਤ(ਅਪ੍ਰੈਲ/2025) ਮਨਜ਼ੂਰੀ ਜਾਰੀ ਕੀਤੀ ਜਾ ਚੁੱਕੀ ਹੈ। ਇਹ ਮਨਜ਼ੂਰੀਆਂ ਇਸ ਦਫਤਰ ਦੀ ਡਿਸਪੈਚ ਸੀਟ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਆਪ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਸੇਵਾ ਨਵਿਰਤ ਅਧਿਕਾਰੀਆਂ/ਕਰਮਚਾਰੀਆਂ ਨੂੰ ਪਹਿਲੀ ਕਿਸਤ(ਅਪ੍ਰੈਲ/2025) ਦੀ ਅਦਾਇਗੀ ਕਰਨ ਉਪਰੰਤ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਇਸ ਤੋਂ ਇਲਾਵਾ ਜੇਕਰ ਆਪ ਦੇ ਸਕੂਲ ਦੇ ਸੇਵਾ ਨਵਿਰਤ ਪ੍ਰਿੰਸੀਪਲ/ ਮੁੱਖ ਅਧਿਆਪਕ ਦੀ ਲੀਵ ਇਨਕੈਸ਼ਮੈਂਟ ਦੀ ਪਹਿਲੀ ਕਿਸ਼ਤ ਦੀ ਮਨਜ਼ੂਰੀ ਸਰਕਾਰ ਵਲੋ ਸੋਧੇ ਤਨਖਾਹ ਸਕੇਲਾਂ ਅਨੁਸਾਰ ਜਾਰੀ ਨਹੀ ਹੋਈ ਹੈ, ਤਾਂ ਪਹਿਲਾ ਅਣ-ਸੋਧੇ ਸਕੇਲਾਂ ਵਿੱਚ ਜਾਰੀ ਹੋਈਆਂ ਲੀਵ ਇਨਕੈਸ਼ਮੈਂਟ ਦੀਆਂ ਮਨਜ਼ੂਰੀਆਂ ਸਬੰਧਤ ਸਕੂਲ ਵੱਲੋਂ ਇਸ ਦਫਤਰ ਵਿਖੇ ਮਿਤੀ 24.09.2025 ਤੱਕ ਹਾਰਡ ਕਾਪੀਆਂ ਜਮ੍ਹਾਂ ਕਰਵਾਈਆਂ ਜਾਣ। ਜੇਕਰ ਸੇਵਾ ਨਵਿਰਤ ਪ੍ਰਿੰਸੀਪਲ/ ਮੁੱਖ ਅਧਿਆਪਕ ਦੀ ਸਕੂਲ ਵੱਲੋਂ ਅਣ-ਸੋਧੇ ਸਕੇਲਾਂ ਵਿੱਚ ਜਾਰੀ ਲੀਵ ਇੰਨਕੈਸਮੈਂਟ ਰਿਪੋਰਟ ਨਾ ਪ੍ਰਾਪਤ ਹੋਣ ਕਾਰਨ/ਅਦਾਇਗੀ ਹੋਣੀ ਰਹਿ ਜਾਂਦੀ ਹੈ, ਤਾਂ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

23/09/25

ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ

Scanned with OKEN Scanner